# ਭੂਟਾਨ ਦੇ ਰਾਜੇ ਨੇ ਰਾਸ਼ਟਰਪਤੀ ਨਾਲ ਮੁਲਾਕਾਤ ਕੀਤੀ

ਅਪ੍ਰੈਲ 04, 2023

ਭੂਟਾਨ ਦੇ ਰਾਜੇ ਮਹਾਮਹਿਮ ਜਿਗਮੇ ਖੇਸਰ ਨਾਮਗਯਲ ਵਾਂਗਚੱਕ ਨੇ ਅੱਜ (4 ਅਪ੍ਰੈਲ 2023) ਨੂੰ ਰਾਸ਼ਟਰਪਤੀ ਭਵਨ ਵਿਖੇ ਭਾਰਤ ਦੀ ਰਾਸ਼ਟਰਪਤੀ ਸ਼੍ਰੀਮਤੀ ਦ੍ਰੋਪਦੀ ਮੁਰਮੂ ਨਾਲ ਮੁਲਾਕਾਤ ਕੀਤੀ।

ਭਾਰਤ ਵਿੱਚ ਮਹਾਮਹਿਮ ਦਾ ਸੁਆਗਤ ਕਰਦੇ ਹੋਏ, ਰਾਸ਼ਟਰਪਤੀ ਨੇ ਕਿਹਾ ਕਿ ਭਾਰਤ ਅਤੇ ਭੂਟਾਨ ਆਪਸੀ ਵਿਸ਼ਵਾਸ, ਸਦਭਾਵਨਾ ਅਤੇ ਸਮਝ ਦੇ ਅਧਾਰ 'ਤੇ ਹਰ ਪੱਧਰ 'ਤੇ ਨਜ਼ਦੀਕੀ ਸਾਂਝੇਦਾਰੀ ਦਾ ਆਨੰਦ ਮਾਣਦੇ ਹਨ। ਉਹਨਾਂ ਨੇ ਅੱਗੇ ਕਿਹਾ ਕਿ ਭਾਰਤ ਭੂਟਾਨ ਨਾਲ ਬਹੁਪੱਖੀ ਅਤੇ ਵਿਲੱਖਣ ਭਾਈਵਾਲੀ ਦੀ ਤਹਿ ਦਿਲੋਂ ਕਦਰ ਕਰਦਾ ਹੈ। ਉਹਨਾਂ ਨੇ ਕਿਹਾ ਕਿ ਭੂਟਾਨ ਦੇ ਸਭ ਤੋਂ ਵੱਡੇ ਵਿਕਾਸ ਭਾਈਵਾਲ ਵਜੋਂ, ਭਾਰਤ ਨੂੰ ਸਿਹਤ, ਸਿੱਖਿਆ, ਖੇਤੀਬਾੜੀ, ਬੁਨਿਆਦੀ ਢਾਂਚੇ, ਡਿਜੀਟਾਈਜ਼ੇਸ਼ਨ ਅਤੇ ਹੁਨਰ ਵਿਕਾਸ ਵਰਗੇ ਖੇਤਰਾਂ ਵਿੱਚ ਭੂਟਾਨ ਵਿੱਚ ਚੱਲ ਰਹੇ ਪ੍ਰੋਜੈਕਟਾਂ ਦਾ ਸਮਰਥਨ ਕਰਨ ਵਿੱਚ ਮਾਣ ਹੈ। ਉਹਨਾਂ ਨੇ ਭਰੋਸਾ ਦਿਵਾਇਆ ਕਿ ਭਾਰਤ ਦੀ ਵਿਕਾਸ ਭਾਈਵਾਲੀ ਭੂਟਾਨ ਦੀਆਂ ਤਰਜੀਹਾਂ ਅਤੇ ਇੱਛਾਵਾਂ ਦੇ ਅਨੁਸਾਰ ਚੱਲਦੀ ਰਹੇਗੀ।

ਰਾਸ਼ਟਰਪਤੀ ਨੇ ਜਿਕਰ ਕੀਤਾ ਕਿ ਇਸ ਸਾਲ ਭੂਟਾਨ ਸਭ ਤੋਂ ਘੱਟ ਵਿਕਸਤ ਦੇਸ਼ (ਐਲਡੀਸੀ) ਦੀ ਸ਼੍ਰੇਣੀ ਤੋਂ ਗ੍ਰੈਜੂਏਟ ਹੋਣ ਲਈ ਤਿਆਰ ਹੈ ਅਤੇ ਹੁਣ ਤੋਂ ਉੱਚ ਆਮਦਨੀ ਵਾਲੀ ਅਰਥਵਿਵਸਥਾ ਬਣਨ ਦੇ ਰਾਹ 'ਤੇ ਚੱਲੇਗਾ। ਉਨ੍ਹਾਂ ਕਿਹਾ ਕਿ ਭਾਰਤ ਇਸ ਯਾਤਰਾ ਵਿੱਚ ਭੂਟਾਨ ਦਾ ਭਰੋਸੇਮੰਦ ਸਾਥੀ ਬਣਿਆ ਰਹੇਗਾ।

ਰਾਸ਼ਟਰਪਤੀ ਨੇ ਜਿਕਰ ਕੀਤਾ ਕਿ ਭਾਰਤ ਅਤੇ ਭੂਟਾਨ ਫਿਨ-ਟੈਕ, ਸਟਾਰਟ-ਅੱਪ ਅਤੇ ਉੱਭਰ ਰਹੇ ਤਕਨਾਲੋਜੀ ਮੋਰਚਿਆਂ 'ਤੇ ਵੀ ਸਹਿਯੋਗ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਦੋਵਾਂ ਦੇਸ਼ਾਂ ਨੂੰ ਆਪਣੇ ਨੌਜਵਾਨਾਂ ਦੀ ਊਰਜਾ ਅਤੇ ਸਮਰੱਥਾ ਦੀ ਸਹੀ ਵਰਤੋਂ ਕਰਨ ਲਈ ਇਸ ਸਹਿਯੋਗ ਦਾ ਦਾਇਰਾ ਹੋਰ ਵੀ ਵਧਾਉਣਾ ਚਾਹੀਦਾ ਹੈ।

**ਨਵੀਂ ਦਿੱਲੀ**

**ਅਪ੍ਰੈਲ 04, 2023**